# ਪੁਆਧੀ ਪੰਜਾਬੀ ਸੱਥ ਮੁਹਾਲੀ ( ਪੰਜਾਬ )

## ਸੱਥ : ਜਾਣ – ਪਛਾਣ

ਸੱਥ ਸ਼ਬਦ ਦੇਖਣ / ਸੁਣਨ ਨੂੰ ਭਾਵੇਂ ਛੋਟਾ ਜਿਹਾ ਲਗਦਾ ਹੈ ਪਰੰਤੂ ਆਪਣੇ ਇਸ ਨਿੱਕੇ ਜਿਹੇ ਆਕਾਰ ਵਿੱਚ ਇਹ ਬਹੁਤ ਵੱਡੇ ਅਰਥ ਸੰਜੋਈ ਬੈਠਾ ਹੈ । ਆਦਿ ਕਾਲ ਤੋਂ ਹੀ ਸੱਥ ਨੇ ਕਿਸੇ ਨਾ ਕਿਸੇ ਰੂਪ ਵਿੱਚ ਆਪਣੀ ਹੋਂਦ ਨੂੰ ਬਣਾਈ ਰੱਖਿਆ ਹੈ । ਸੱਥ ਦਾ ਮੁੱਖ ਮਕਸਦ ਵਿਸ਼ੇਸ ਤੌਰ ਤੇ ਮਾਨਵ ਜੀਵਨ ਨਾਲ਼ ਦਰਪੇਸ਼ ਸੱਮਸਿਆਵਾਂ ਨੂੰ ਇੱਕ ਥਾਂ ਬੈਠ ਕੇ ਹੱਲ ਲੱਭਣ ਨਾਲ਼ ਜੁੜਿਆ ਹੋਇਆ ਹੈ । ਇਸ ਵਿੱਚ ਇੱਕ ਪਰਿਵਾਰ , ਕਬੀਲੇ ਜਾਂ ਪਿੰਡ ਦੇ ਸਮਾਜਿਕ ਤੇ ਰਾਜਨੀਤਕ ਆਦਿ ਮਸਲਿਆਂ ਨੂੰ ਮਿਲ ਬੈਠ ਕੇ ਸੁਲਝਾਇਆ ਜਾਂਦਾ ਹੈ । ਆਮਤੌਰ ਉਤੇ ਲੋਕੀਂ ਸੱਥ ਦੁਆਰਾ ਇਹਨਾਂ ਮਸਲਿਆਂ ਨੂੰ ਬਿਨਾਂ ਲਿਖਿਤ - ਪੜ੍ਹਤ ਤੋਂ ਹੀ ਅਮਲ ਵਿੱਚ ਲਿਆਉਂਦੇ ਹਨ । ਸੱਥ ਲਈ ਪਿੰਡ ਵਿੱਚ ਕੋਈ ਇੱਕ ਥਾਂ ਨਿਸ਼ਚਿਤ ਹੁੰਦੀ ਹੈ । ਇੱਥੇ ਹਰ ਵਰਗ ਦੇ ਲੋਕ ਇਕੱਠੇ ਬੈਠ ਕੇ ਕਿਸੇ ਨਾ ਕਿਸੇ ਮਸਲੇ ਉੱਪਰ ਚੁੰਜ - ਚਰਚਾ ਜਾਂ ਵਿਚਾਰ ਕਰਦੇ ਹਨ । ਹੁਣ ਭਾਵੇਂ ਪੰਚਾਇਤਾਂ ਹੀ ਜ਼ਿਆਦਾਤਰ ਪਿੰਡ ਦੇ ਮਸਲਿਆਂ ਨੂੰ ਸੁਲਝਾਉਣ ਲੱਗ ਪਈਆਂ ਹਨ । ਪਰੰਤੂ ਪਿੰਡ ਦੀ ਸੱਥ ਦਾ ਅਪਣਾ ਹੀ ਇੱਕ ਮਾਣ - ਮੱਤਾ ਇਤਿਹਾਸ ਹੈ । ਸੱਥ ਨੂੰ ਇੱਕ ਲੋਕ - ਪ੍ਰਬੰਧ ਰੂਪ ਕਿਹਾ ਜਾ ਸਕਦਾ ਹੈ ਜਦਕਿ ਪੰਚਾਇਤ ਇੱਕ ਸਰਕਾਰੀ ਅਦਾਰਾ ਬਣ ਗਿਆ ਹੈ । ਸੱਥ ਦੇ ਕੋਈ ਵਿਸ਼ੇਸ਼ ਨਿਯਮ / ਕਾਨੂੰਨ ਨਿਸ਼ਚਿਤ ਨਹੀਂ ਕੀਤੇ ਹੁੰਦੇ ਅਤੇ ਨਾ ਹੀ ਇਸ ਨੂੰ ਚਲਾਉਣ ਲਈ ਕੋਈ ਵੱਖਰੇ ਰੂਪ ਵਿੱਚ ਵਿੱਤ ਪ੍ਰਬੰਧ ਹੁੰਦਾ ਹੈ । ਇਹ ਤਾਂ ਬਸ ਆਪਸੀ ਭਾਈਚਾਰੇ ਨਾਲ਼ ਹੀ ਆਪਣਾ ਕਾਰਜ ਪ੍ਰਬੰਧ ਚਲਾਉਂਦੀ ਹੈ । ਕਈ ਵਾਰ ਸੱਥ ਵਿੱਚ ਪਿੰਡ ਦੇ ਵੱਡੇ - ਵੱਡੇ ਮਸਲਿਆਂ ਨੂੰ ਹੱਲ ਹੁੰਦਾ ਵੇਖਿਆ ਗਿਆ ਹੈ । ਦੂਜਾ ਸੱਥ ਕੇਵਲ ਸਮੱਸਿਆਵਾਂ ਨੂੰ ਸੁਲਝਾਉਣ ਤੱਕ ਹੀ ਸੀਮਿਤ ਨਹੀਂ ਹੁੰਦੀ ਸਗੋਂ ਇਹ ਤਾਂ ਪੇਂਡੂ ਸਭਿਆਚਾਰਕ ਹੋਂਦ ਨੂੰ ਬਣਾਈ ਰੱਖਣ ਦਾ ਇੱਕ ਜਿਉਂਦਾ ਜਾਗਦਾ ਰੂਪ ਹੈ ।

## ਸੱਥ ਦੀ ਪਰਿਭਾਸ਼ਾ

'ਸੱਥ' ਸ਼ਬਦ ਦੇ ਅਰਥ ਪਸਾਰੇ ਨੂੰ ਕਿਸੇ ਇੱਕ ਪ੍ਰਭਾਸ਼ਿਤ ਰੂਪ ਵਿੱਚ ਬੰਨ੍ਹਣਾ ਬੜਾ ਔਖਾ ਕੰਮ ਹੈ । ਪੇਂਡੂ ਪੰਜਾਬੀ ਜਨ - ਜੀਵਨ ਨੂੰ ਸੱਥਾਂ ਵਿੱਚ ਸੰਜੀਵਨ ਰੂਪ ਵਿੱਚ ਵੇਖਿਆ ਜਾ ਸਕਦਾ ਹੈ । ਅਸੀਂ 'ਸੱਥ' ਦੇ ਅਰਥ ਪਸਾਰੇ ਨੂੰ ਸਮਝਣ ਲਈ ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਦੁਆਰਾ ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਦੀ ਜਿਲਦ - 11 ਪੰਨਾ 479-80 'ਤੇ ਦਿੱਤੇ ਹੋਏ ਵਿਚਾਰਾਂ ਨੂੰ ਇੱਥੇ ਦੇਣਾ ਜਰੂਰੀ ਸਮਝਦੇ ਹਾਂ । ਡਾ. ਬੇਦੀ ਅਨੁਸਾਰ , " ਪਿੰਡ ਵਿਚ ਉਹ ਸਾਂਝੀ ਥਾਂ, ਜਿਥੇ ਲੋਕੀਂ ਵਿਹਲੀਆਂ ਘੜੀਆਂ ਵਿਚ , ਰਲ ਮਿਲ ਕੇ , ਉਠਦੇ ਬੈਠਦੇ ਹਨ । ਪਿੰਡ ਦੀ

ਪੰਚਾਇਤ , ਕਿਸੇ ਮਾਮਲੇ ਉੱਤੇ ਵਿਚਾਰ ਕਰਨ ਵੇਲੇ , ਸੱਥ ਵਿਚ ਹੀ ਜੁੜਦੀ ਹੈ ਅਤੇ ਪਿੰਡ ਦੇ ਬਹੁਤੇ ਝਗੜੇ ਸੱਥ ਵਿਚ ਹੀ ਨਜਿੱਠੇ ਜਾਂਦੇ ਹਨ । ਕਈ ਪਿੰਡਾਂ ਵਿਚ ਜੰਝ ਦਾ ਢੁਕਾਅ ਵੀ ਸੱਥ ਵਿਚ ਹੀ ਹੁੰਦਾ ਹੈ । ਬਾਹਰੋਂ ਆਏ ਕਵੀਸ਼ਰ , ਨਕਲੀਏ , ਭੰਡ , ਰਾਸਧਾਰੀਏ ਤੇ ਢੱਡ - ਸਾਰੰਗੀਏ ਆਦਿ ਆਪਣੀ ਕਾਵਿ , ਨਾਟ ਜਾਂ ਸੰਗੀਤ ਕਲਾ ਦਾ ਚਮਤਕਾਰ ਵਿਖਾਉਣ , ਅਤੇ ਲੋਕਾਂ ਦੇ ਮਨੋਰੰਜਨ ਕਰਨ ਲਈ ਸੱਥ ਵਿਚ ਹੀ ਪਿੜ ਬੰਨ੍ਹਦੇ ਹਨ । ਸਰਦੀਆਂ ਵਿਚ ਚੋਖੀ ਰਾਤ ਤੱਕ ਸੱਥ ਵਿਚ ਧੂਣੀ ਬਾਲ ਕੇ ਸੇਕੀ ਜਾਂਦੀ ਹੈ ਅਤੇ ਗੱਲਾਂ ਦੇ ਜਾਲ ਬੁਣ ਕੇ ਖੰਬਾਂ ਦੀਆਂ ਡਾਰਾਂ ਬਣਾਈਆਂ ਜਾਂਦੀਆਂ ਹਨ । ਇਸ ਦ੍ਰਿਸ਼ਟੀ ਤੋਂ ਸੱਥ ਪਿੰਡ ਦਾ ਰੰਗਮੰਚ ਹੈ , ਜਿਥੇ ਪਿੰਡ ਦੀ ਆਤਮਾ ਕਦੇ ਸਵਾਂਗ ਧਾਰ ਕੇ ਤੇ ਕਦੇ ਨੰਗੇ ਪਿੰਡੇ ਵਿਚਰਦੀ ਹੈ । ਇਥੇ ਹੀ ਗੱਲਾਂ ਦੇ ਰੇੜਕੇ ਵਿਚੋਂ ਅਖਾਣ ਜਨਮ ਲੈਂਦੇ ਹਨ , ਭਾਵਾਂ ਵਿਚੋਂ ਗੀਤ ਨਿਸਰਦੇ ਹਨ ਤੇ ਹੱਡ - ਬੀਤੀਆਂ ਤੇ ਜਗ - ਬੀਤੀਆਂ ਵਿਚੋਂ ਬਾਤਾਂ ਰਾਹ ਪੈਂਦੀਆਂ ਹਨ । ਪਿੰਡ ਵਿਚ ਖੇਡੇ ਜਾਂਦੇ ਸਾਰੇ ਜੀਵਨ ਨਾਟਕ ਦੀ ਸੂਤ੍ਰਧਾਰ ਸੱਥ ਹੀ ਹੈ ।"

ਸੱਥ ਵਿੱਚ ਤਾਂ ਪਿੰਡ ਦੀ ਆਤਮਾ ਸਾਹ ਲੈ ਰਹੀ ਹੁੰਦੀ ਹੈ । ਵੇਖਿਆ ਜਾਵੇ ਤਾਂ ਸੱਥ ਇੱਕ ਲੇਖੇ ਪਿੰਡ ਦੀ ਅਦਾਲਤ ( ਪੰਚਾਇਤ) ਹੀ ਹੁੰਦੀ ਹੈ । ਇਹ ਸਭ ਧਰਮਾਂ , ਵਰਗਾਂ , ਜਾਤਾਂ 'ਤੇ ਸ਼੍ਰੇਣੀਆਂ ਦੇ ਲੋਕਾਂ ਦਾ ਇੱਕ ਸਮੂਹ ਹੁੰਦਾ ਹੈ । ਇਹਨਾਂ ਵਿੱਚ ਬਹੁਤੇ ਗਹਿਰ - ਗੰਭੀਰ ਫੈਸਲਿਆਂ ਦਾ ਹੱਲ ਤਾਂ ਹੁੰਦਾ ਹੀ ਹੈ ਪੰਰਤੂ ਹੋਰ ਕਈ ਤਰ੍ਹਾਂ ਦੇ ਹਾਸੇ - ਠੱਠੇ ਅਤੇ ਮਨੋਰੰਜਨ ਦਾ ਸਾਧਨ ਵੀ ਸੱਥ ਹੀ ਹੁੰਦੀ ਹੈ । ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਸੱਥ ਦਾ ਕੰਮ ਕੇਵਲ ਫੈਸਲੇ ਲੈਣ ਜਾਂ ਮਨੋਰੰਜਨ ਤੱਕ ਹੀ ਸੀਮਤ ਨਹੀਂ ਹੁੰਦਾ , ਸਗੋਂ ਇਹ ਭਵਿੱਖਮੁਖੀ ਵਿਕਾਸ ਲਈ ਨਵੇਂ ਰਾਹ ਵੀ ਤਲਾਸਦੀ ਸੀ । ਸੱਥਾਂ ਦੇ ਸੰਚਾਲਕ ਡਾ. ਨਿਰਮਲ ਸਿੰਘ ਲਾਂਬੜਾ ਨੇ ਸੱਥ ਦੇ ਇਸ ਇਤਿਹਾਸਿਕ ਅਤੇ ਭਵਿੱਖਮੁਖੀ ਮਹੱਤਵ ਬਾਰੇ ਆਪਣੇ ਵਿਚਾਰ ਨੂੰ ਇਸ ਤਰ੍ਹਾਂ ਪ੍ਰਗਟਾਇਆ ਹੈ , " ਸੱਥ ਦੇ ਸਹੀ ਅਰਥ ਵੀ ਜੇ ਇਤਿਹਾਸਕ ਸੰਦਰਭ ਵਿੱਚ ਸਮਝੇ ਜਾਣ ਤਾਂ ਸਿੱਟਾ ਇਹੋ ਨਿਕਲਦਾ ਹੈ ਕਿ ਸੱਥ ਦੇ ਖੁੰਢਾਂ , ਥੜਿਆਂ ਤੇ ਬੈਠੇ ਬੰਦੇ ਇੱਕੋ ਹੀ ਤਰ੍ਹਾਂ ਸੋਚਣ ਵਾਲੇ ਲਕੀਰ ਦੇ ਫ਼ਕੀਰ ਨਹੀਂ ਹੁੰਦੇ ਤੇ ਨਾ ਹੀ ਪਿਛਲਗ , ਅੰਧ ਵਿਸ਼ਵਾਸ਼ੀ । ਹਰ ਇੱਕ ਦਾ ਆਪਣਾ ਕੋਈ ਖ਼ਿਆਲ ਜਾਂ ਵਿਚਾਰ ਹੁੰਦਾ ਹੈ ਤੇ ਸਾਰਿਆਂ ਦੇ ਵਿਚਾਰ ਜਦੋਂ ਆਪਸ ਵਿੱਚ ਮਿਲਦੇ ਹਨ , ਭਿੜਦੇ ਨੇ , ਵਿਚਾਰਾਂ ਦਾ ਵਟਾਂਦਰਾ ਹੁੰਦਾ ਹੈ ਤਾਂ ਏਨ੍ਹਾਂ ਨਿੱਕੇ - ਨਿੱਕੇ ਵਖਰੇਵਿਆਂ - ਵਿਰੋਧਾਂ ਵਿੱਚੋਂ ਨਿਵੇਕਲੇ ਵਿਚਾਰਾਂ ਦਾ ਵਿਕਾਸ ਹੁੰਦਾ ਹੈ । ਕਈ ਸਿਆਣੇ ਇਹਨੂੰ ਵਿਕਾਸ ਦਾ ਨਾਂ ਵੀ ਦਿੰਦੇ ਹਨ ।"

## ਸੱਥ ਦੇ ਗਠਨ ਦਾ ਸੰਕਲਪ

ਪੰਜਾਬ ਦੀ ਭਾਸ਼ਾ ਦੇ ਅਧਾਰ 'ਤੇ ਮਾਝਾ , ਮਾਲਵਾ , ਦੁਆਬਾ ਅਤੇ ਪੁਆਧ ਕਰਕੇ ਖੇਤਰੀ ਵੰਡ ਮੰਨੀ ਜਾਂਦੀ ਹੈ । ਪਹਿਲੇ ਤਿੰਨ ਖੇਤਰਾਂ ਬਾਰੇ ਚਰਚਾ ਹੁੰਦੀ ਰਹਿੰਦੀ ਸੀ ਪ੍ਰੰਤੂ ਪੁਆਧ ਖੇਤਰ ਨੂੰ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ । ਪੰਜਾਬ ਦਾ ਇਹ ਖਿੱਤਾ ਪੰਜਾਬ ਦੇ ਗੌਰਵਮਈ ਇਤਿਹਾਸ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ । ਪੰਜਾਬੀ ਸੱਥਾਂ ਦੇ ਸੰਚਾਲਕ ਡਾ. ਨਿਰਮਲ ਸਿੰਘ ਲਾਂਬੜਾ ਜੋ ਪੰਜਾਬੀ ਸੱਥ (ਲਾਂਬੜਾ - ਜਲੰਧਰ ) ਦੇ ਮੁੱਖ ਕਰਤਾ ਧਰਤਾ ਨੇ ਪੁਆਧ ਖੇਤਰ ਦੀ ਮਹੱਤਤਾ ਨੂੰ ਵਿਚਾਰਦਿਆਂ ਪੁਆਧੀ ਪੰਜਾਬੀ ਸੱਥ ਮੁਹਾਲੀ ਦਾ ਗਠਨ ਕਰਨ ਲਈ ਬੜੀ ਦੂਰ - ਦ੍ਰਿਸ਼ਟੀ ਅਤੇ ਪਰਖ - ਪੜਚੋਲ ਕਰਕੇ ਇੱਕ ਲਿਖਤੀ ਪੱਤਰ ਰਾਹੀਂ ਸ਼੍ਰੋਮਣੀ ਸਾਹਿਤਕਾਰ ਸ. ਮਨਮੋਹਨ ਸਿੰਘ ਦਾਊਂ ਨੂੰ ਇਸਦੀ ਜਿੰਮੇਵਾਰੀ ਸੌਂਪੀ । ਜਲੰਧਰੋਂ ਪੰਜ ਸ਼ਖਸੀਅਤਾਂ ਡਾ. ਨਿਰਮਲ ਸਿੰਘ ਲਾਂਬੜਾ ਅਤੇ ਡਾ. ਨਾਹਰ ਸਿੰਘ ਸਮੇਤ ਸ. ਦਾਊਂ ਦੇ ਨਿਵਾਸ ਅਸਥਾਨ ਕੋਠੀ ਨੰਬਰ 280 ਫ਼ੇਜ 6 ਮੁਹਾਲੀ (ਪੰਜਾਬ) ਆਈਆਂ ਅਤੇ ਸੱਥ ਦੇ ਸੰਕਲਪਾਂ ਬਾਰੇ ਨਿਯੁਕਤੀ ਪੱਤਰ ( 20-10-2004 ਨੂੰ ) ਦਿੱਤਾ ਜੋ ਪ੍ਰਵਾਨ ਹੋਇਆ।ਅਸਲ ਵਿੱਚ ਉਪਰੋਕਤ ਲਿਖਤ ਗੱਲਾਂ ਤਾਂ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ ਕਿਉਂਕਿ ਪਿੰਡਾਂ ਵਿੱਚ ਅਜਿਹੀ ਵੱਡੀ ਜਿੰਮੇਵਾਰੀ ਕਿਸੇ ਸੁਘੜ ਸਿਆਣੇ ਵਿਅਕਤੀ ਨੂੰ ਬੜੇ ਹੀ ਆਦਰਪੂਰਵਕ ਢੰਗ ਨਾਲ ਦਿੱਤੀ ਜਾਂਦੀ ਸੀ। ਕਈ ਵਾਰ ਤਾਂ ਇਸ ਤਰ੍ਹਾਂ ਦੇ ਮੌਕੇ ਉੱਤੇ ਬੜਾ ਹੀ ਭਾਵਪੂਰਕ ਮਾਹੌਲ ਬਣ ਜਾਂਦਾ ਸੀ । ਭਾਈਚਾਰਕ ਸਾਂਝ ਦੀ ਇਹ ਇੱਕ ਬਹੁਤ ਹੀ ਵੱਡੀ ਰੀਤ ਪੀੜ੍ਹੀ ਦਰ ਪੀੜ੍ਹੀ ਅਜੇ ਤੱਕ ਉਸੇ ਸਤਿਕਾਰਤ ਰੂਪ ਵਿੱਚ ਚਲ ਰਹੀ ਹੈ ।

## ਪੁਆਧ ਸ਼ਬਦ ਦੀ ਉਤਪਤੀ

ਕੋਈ ਸਮਾਂ ਸੀ ਜਦੋਂ ਪੰਜਾਬ ਦਾ ਖੇਤਰ ਬਹੁਤ ਵੱਡਾ ਹੁੰਦਾ ਸੀ । ਪੰਜ ਪਾਣੀਆਂ ਦੀ ਧਰਤੀ ਅਤੇ ਪੰਜ - ਆਬ ਤੋਂ ਪੰਜ ਦਰਿਆਵਾਂ ਦੀ ਧਰਤੀ ਹੋਣ ਕਾਰਨ 'ਪੰਜਾਬ' ਸ਼ਬਦ ਹੋਂਦ ਵਿੱਚ ਆਇਆ । ਜਦੋਂ ਪੰਜਾਬ ਤੇ ਅੰਗਰੇਜ਼ੀ ਰਾਜ ਫੈਲਿਆ ਉਦੋਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਇੱਕ ਵੱਡੇ ਖੇਤਰ ਫੈਲਿਆ ਹੋਇਆ ਸੀ । ਵਿਲਿਅਮ ਬੈਂਟਿਕ ਨਾਲ ਸਤਲੁਜ ਦੇ ਪੂਰਬੀ ਕੰਢੇ ਰੋਪੜ ( ਜਿੱਥੇ ਹੁਣ ਡੈਮ ਹੈ ) ਵਿਖੇ 1831 ਵਿੱਚ ਇੱਕ ਇਤਿਹਾਸਿਕ ਸੰਧੀ ਹੋਈ । ਦਰਿਆ ਸਤਲੁਜ ਤੋਂ ਪੂਰਬ ਦਿਸ਼ਾ ਵੱਲ ਦਿੱਲੀ ਤੱਕ ਅੰਗਰੇਜ਼ੀ ਰਾਜ ਅਤੇ ਦਰਿਆ ਸਤਲੁਜ ਤੋਂ ਪੱਛਮ ਦਿਸ਼ਾ ਵੱਲ ਅਫ਼ਗਾਨਿਸਤਾਨ ਤੱਕ ਮਹਾਰਾਜਾ ਰਣਜੀਤ ਸਿੰਘ ਦੀ ਸਲਤਨਤ ਰਹੀ । ਇਹ ਮਹਾਂ ਪੰਜਾਬ ਸੀ । ਇਸਦੇ ਪੂਰਬੀ ਹਿੱਸੇ ਨੂੰ ਪੂਰਬੀ ਅਰਧ ਅਰਥਾਤ ਪੰਜਾਬ ਦਾ ਪੂਰਬੀ ਹਿੱਸਾ ( Eastern part of the Punjab) ਕਹਿੰਦੇ ਹਨ । ਪੁਆਧ ਸ਼ਬਦ ਦੇ ਨਾਮਕਰਨ ਬਾਰੇ ਬਹੁਤੇ ਵਿਦਵਾਨਾਂ ਨੇ ਇਸ ਖੇਤਰ ਨੂੰ ਪੰਜਾਬ ਦੇ ਪੂਰਬੀ ਹਿੱਸੇ ਨਾਲ ਸਬੰਧਤ ਹੀ ਕਿਹਾ ਹੈ ।

ਡਾ. ਬਨਾਰਸੀ ਦਾਸ ਜੈਨ ਅਨੁਸਾਰ, 'ਪੁਆਧ ਸ਼ਬਦ ਪੂਰਬਾਰਧ ਦਾ ਰੂਪਾਂਤਰਣ ਹੈ , ਜਿਸਦਾ ਅਰਥ ਹੈ ਪੂਰਬੀ ਅੱਧ ਅਰਥਾਤ ਪੰਜਾਬ ਦਾ ਪੂਰਬੀ ਹਿੱਸਾ (ਪੁਆਧੀ ਸ਼ਬਦ ਕੋਸ਼ )। ਡਾ. ਪ੍ਰੇਮ ਪ੍ਰਕਾਸ਼ ਸਿੰਘ ਪੁਆਧ ਸ਼ਬਦ ਦੀ ਵਿਉਂਤਪਤੀ ਆਧਾਰ ਦੇ ਨਾਲ਼ - ਨਾਲ਼ ਸਥਿਤੀ ਪੱਖੋਂ ਵੀ ਇਸ ਨਾਮ ਨੂੰ ਸਹੀ ਮੰਨਦੇ ਹਨ । ਉਹਨਾਂ ਅਨੁਸਾਰ " ਪੁਆਧ ਦੀ ਵਿਉਂਤਪਤੀ ਸ਼ਾਇਦ ਸੰਸਕ੍ਰਿਤ ਸ਼ਬਦ 'ਪੂਰਬ - ਅਰਧ' ਤੋਂ ਸੰਭਵ ਹੈ , ਜਿਸਦਾ ਅਰਥ ਹੈ ਚੜ੍ਹਦੇ ਵਾਲੇ ਪਾਸੇ ਦਾ ਅੱਧਾ ਹਿੱਸਾ-----। ਇਉਂ ਪੁਰਵਾਰਧ ਤੋਂ ਹੀ ਪੁਆਧ/ਪਵਾਧ ਦਾ ਨਿਕਾਸ ਹੋਇਆ ਹੈ । " (ਸਿਧਾਂਤਕ ਭਾਸ਼ਾ ਵਿਗਿਆਨ) ।

'ਪੁਆਧ' ਸ਼ਬਦ ਦਾ ਸਬੰਧ ਪੰਜਾਬ ਦੀ ਪੂਰਬੀ ਦਿਸ਼ਾ ਨਾਲ਼ ਹੈ । ਇਸ ਲਈ ਇਸਨੂੰ ਦਿਸ਼ਾ - ਸੂਚਕ ਪ੍ਰੇਰਿਤ ਨਾਮ ਵੀ ਆਖਿਆ ਜਾਂਦਾ ਹੈ । ਉਪਰੋਕਤ ਵਿਦਵਾਨਾਂ ਦੇ ਵਿਚਾਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਦੇ ਇਸ ਖਿੱਤੇ ਦਾ ਨਾਮ 'ਪੁਆਧ' ਹੀ ਸਹੀ ਤੇ ਢੁਕਵਾਂ ਬੈਠਦਾ ਹੈ ।

ਪੁਆਧ ਦਾ ਭੂਗੋਲਿਕ ਖੇਤਰ

ਸਭ ਤੋਂ ਪਹਿਲਾਂ ਭਾਸ਼ਾ ਵਿਗਿਆਨ ਦੇ ਪ੍ਰਸਿੱਧ ਵਿਦਵਾਨ ਡਾ. ਗ੍ਰਿਅਰਸਨ ਦੁਆਰਾ ਸੰਪਾਦਿਤ ਪੁਸਤਕ ਲਿੰਗੁਇਸਟਕ ਸਰਵੇ ਆਫ਼ ਇੰਡੀਆ (The linguistic Survey of India ) ਦੀ ਜਿਲਦ 9 ਭਾਗ -1 ਵਿੱਚ ਪੁਆਧ ਦੀਆਂ ਸੀਮਾਵਾਂ ਇਉਂ ਕਾਇਮ ਕੀਤੀਆਂ ਹਨ , " ਰੋਪੜ (ਰੂਪਨਗਰ ) ਤੋਂ ਲੈ ਕੇ ਹਰੀਕੇ ਪੱਤਣ ਤਕ ਸਤਲੁਜ ਦਰਿਆ ਪੂਰਬੋਂ ਪੱਛਮ ਨੂੰ ਵਗਦਾ ਹੈ ਇਹਦੇ ਉੱਤਰ ਵਾਲੇ ਪਾਸੇ ਦੁਆਬਾ ਜਲੰਧਰ ਹੈ ਅਤੇ ਦੱਖਣ ਵਾਲੇ ਪਾਸੇ ਜ਼ਿਲ੍ਹਾ ਲੁਧਿਆਣਾ ਤੇ ਫ਼ਿਰੋਜ਼ਪੁਰ ਹਨ । ਜ਼ਿਲ੍ਹਾ ਲੁਧਿਆਣੇ ਦਾ ਉਹ ਇਲਾਕਾ ਜੋ ਸਤਲੁਜ ਦਰਿਆ ਦੇ ਨਾਲ - ਨਾਲ ਦੋਹੀਂ ਪਾਸੀਂ ਆਉਂਦਾ ਹੈ ਪੁਆਧ ਵਿੱਚ ਸ਼ਾਮਿਲ ਹੈ ਤੇ ਬਾਕੀ ਦਾ ਸਾਰਾ ਜ਼ਿਲ੍ਹਾ ਮਾਲਵੇ ਵਿਚ ਚਲਿਆ ਜਾਂਦਾ ਹੈ । ਪੂਰਬ ਵਾਲੇ ਪਾਸੇ ਇਹ ਜ਼ਿਲ੍ਹਾ ਅੰਬਾਲੇ ਵਿਚਲੇ ਘੱਗਰ ਦਰਿਆ ਤੱਕ ਫੈਲਿਆ ਹੋਇਆ ਹੈ । ਘੱਗਰ ਤੋਂ ਪੂਰਬ ਵਾਲੇ ਪਾਸੇ ਦੀ ਬੋਲੀ ਹਿੰਦੁਸਤਾਨੀ ਹੈ (ਨੋਟ:ਇਸ ਨੂੰ ਹੁਣ ਹਰਿਆਣਵੀ ਕਿਹਾ ਜਾਂਦਾ ਹੈ) । ਦੱਖਣ ਵਿੱਚ ਪੁਆਧ ਦੇ ਇਲਾਕੇ ਵਿੱਚ ਪਟਿਆਲਾ , ਨਾਭਾ , ਜੀਂਦ ਦੇ ਇਲਾਕੇ ਸ਼ਾਮਲ ਹਨ ਜੋ 76 ਡਿਗਰੀ ਪੂਰਬੀ ਲੰਬਕਾਰ ਦੇ ਪੂਰਬ ਵਿੱਚ ਵਾਕਿਆ ਹਨ । ਇਸ ਪਾਸੇ ਪੁਆਧ ਉਸ ਮੁਲਕ ਤੱਕ ਫੈਲਿਆ ਹੋਇਆ ਹੈ ਜਿਸ ਵਿੱਚ ਹਿੰਦੁਸਤਾਨੀ ਤੇ ਬਾਗੜੀ ਬੋਲੀਆਂ ਜਾਂਦੀਆਂ ਹਨ । ਪੁਆਧ ਵਿੱਚ ਜ਼ਿਲ੍ਹਾ ਹਿਸਾਰ ਦਾ ਵੀ ਕੁਝ ਬਾਹਰ ਵਾਲਾ ਹਿੱਸਾ ਸ਼ਾਮਲ ਹੈ ।"

ਮਹਾਨ ਕੋਸ਼ (ਭਾਈ ਕਾਨ੍ਹ ਸਿੰਘ ਨਾਭਾ ਕ੍ਰਿਤ) 'ਚ ਏਨਾ ਹੀ ਜ਼ਿਕਰ ਹੈ , " ਪਹਾੜ ਦੇ ਪੈਰਾਂ ਦਾ ਦੇਸ , ਦਾਮਨੇ ਕੋਹ , ਉਹ ਦੇਸ ਜੋ ਖੂਹ ਦੇ ਪਾਣੀਆਂ ਨਾਲ਼ ਸਿੰਜਿਆ , ਜ਼ਿਲ੍ਹਾ ਅੰਬਾਲਾ ਦੇ ਆਸ - ਪਾਸ ਦਾ ਦੇਸ । "

1947 ਤੋਂ ਪਹਿਲਾਂ ਪੁਆਧ ਖੇਤਰ ਬਹੁਤ ਦੂਰ ਤੱਕ ਫੈਲਿਆ ਹੋਇਆ ਸੀ ਉਦੋਂ ਜ਼ਿਲ੍ਹਾ ਅੰਬਾਲਾ , ਕਲਸੀਆ , ਨਾਲਾਗੜ੍ਹ , ਪਟਿਆਲਾ , ਜ਼ਿਲ੍ਹਾ ਲੁਧਿਆਣਾ ਦਾ ਪੂਰਬੀ ਭਾਗ ਅਤੇ ਜ਼ਿਲ੍ਹਾ ਸੰਗਰੂਰ ਦਾ ਕੁਝ ਇਲਾਕਾ ਸ਼ਾਮਲ ਸੀ । 1947 ਅਜਾਦੀ ਤੋਂ ਬਾਅਦ ਸੂਬਿਆਂ ਦੀ ਵੰਡ - ਵੰਡਾਈ ਹੋਣ ਕਾਰਨ ਪੁਆਧ ਖੇਤਰ ਦੀ ਤਸਵੀਰ ਬਦਲ ਗਈ । ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਬਣਾਉਣ ਲਈ ਪੁਆਧ ਦੇ ਪੰਜਾਹ ਪਿੰਡ ਉਜਾੜੇ ਗਏ ਜਿਨ੍ਹਾਂ ਕਰਕੇ ਪੁਆਧੀ ਭਾਸ਼ਾ ਅਤੇ ਸਭਿਆਚਾਰ ਨੂੰ ਬਹੁਤ ਠੇਸ ਪਹੁੰਚੀ ।

ਇਸ ਬੇਇਨਸਾਫ਼ੀ ਤੇ ਦੁਖਾਂਤ ਬਾਰੇ ਮਨਮੋਹਨ ਸਿੰਘ ਦਾਊਂ ਦੀ ਖੋਜ ਪੁਸਤਕ 'ਚੰਡੀਗੜ੍ਹ ਲੋਪ ਕੀਤੇ ਪੁਆਧੀ ਪਿੰਡ' ਅੰਗਰੇਜ਼ੀ ਵਿੱਚ Coming up of Chandigarh lost Puadhi Villages 2023 ਪੜ੍ਹੀ ਜਾ ਸਕਦੀ ਹੈ ।

1966 ਵਿੱਚ ਪੰਜਾਬੀ ਸੂਬਾ ਬਣਨ ਨਾਲ਼ ਪੁਆਧ ਦੀ ਰਾਜਸੀ ਵੰਡ ਹੋਣ ਕਾਰਨ ਇਸਦੇ ਪ੍ਰਮੁੱਖ ਚਾਰ ਖੰਡ ਬਣ ਗਏ ਹਨ ;

1. ਵਰਤਮਾਨ ਪੰਜਾਬ 'ਚ ਪੁਆਧ ਖੇਤਰ ।
2. ਯੂ . ਟੀ . ਚੰਡੀਗੜ੍ਹ ਪੁਆਧ ਖੇਤਰ ।
3. ਹਰਿਆਣਾ ਪ੍ਰਾਂਤ 'ਚ ਪੈਂਦਾ ਪੁਆਧ ਖੇਤਰ ।
4. ਹਿਮਾਚਲ ਪ੍ਰਾਂਤ 'ਚ ਪੈਂਦਾ ਪੁਆਧ ਦਾ ਕੁਝ ਖੇਤਰ ।

ਨੋਟ : ਪੁਆਧ , ਪੁਆਧੀ ਭਾਸ਼ਾ , ਸਾਹਿਤ ਅਤੇ ਪੁਆਧੀ ਸਭਿਆਚਾਰ ਬਾਰੇ ਹੁਣ ਬਹੁਤ ਕਾਰਜ ਹੋਇਆ ਮਿਲਦਾ ਹੈ । ਪਾਠਕ ਜਨ ਅਤੇ ਖੋਜ ਬਿਰਤੀ ਦੇ ਜਿਗਿਆਸੂ ਪੁਆਧ ਬਾਰੇ ਵਿਸਥਾਰਪੂਰਵਕ ਜਾਨਣ ਲਈ ਇਸ ਨਾਲ ਸਬੰਧਿਤ ਮਿਲਦੇ ਸਾਹਿਤ ਤੋਂ ਹੋਰ ਵਧੇਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ ।

ਸੱਥ ਦਾ ਉਦੇਸ਼

ਪੁਆਧੀ ਪੰਜਾਬ ਦੇ ਉਸ ਮਾਣ - ਮੱਤੇ ਇਤਿਹਾਸ ਅਤੇ ਸਭਿਆਚਾਰ ਦੀ ਜਾਣਕਾਰੀ ਲੋਕਾਂ ਤੱਕ ਪਹੁੰਚਾਉਣੀ ਜਿਸਦੀਆਂ ਪ੍ਰਾਪਤੀਆਂ ਪੂਰੇ ਸੰਸਾਰ ਲਈ ਰਾਹ ਦਸੇਰਾ ਬਣ ਰਹੀਆਂ ਹਨ । ਪੁਰਾਤਨ ਸਭਿਅਤਾ ਦੇ

ਨਾਲ਼ - ਨਾਲ਼ ਆਧੁਨਿਕ ਜੀਵਨ ਪਧਤੀ ਤੋਂ ਜਾਣੂ ਕਰਾਉਣਾ । ਖਾਲਸਾ ਪੰਥ ਦੀ ਸਿਰਜਣਾ ਇੱਕ ਅਜਿਹੀ ਜੀਵਨ ਪਧਤੀ ਦਾ ਰਾਹ ਖੋਲ੍ਹਦੀ ਹੈ ਜਿਸ ਨਾਲ਼ ਪੂਰਾ ਸੰਸਾਰ ਆਪਸੀ ਭਾਈਚਾਰਕ ਸਾਂਝ ਨਾਲ਼ ਇੱਕ ਸੁਖਾਵਾਂ ਜੀਵਨ ਗੁਜ਼ਾਰ ਸਕਦਾ ਹੈ ।

ਪੁਆਧੀ ਪੰਜਾਬੀ ਸੱਥ ਦੇ ਪ੍ਰਮੁੱਖ ਉਦੇਸ਼ਾਂ ਬਾਰੇ ਜਾਣਕਾਰੀ ਪ੍ਰਾਪਤ ਇਸ ਪ੍ਰਕਾਰ ਹੈ **;**

(ੳ) ਪੁਆਧ ਖੇਤਰ ਦੇ ਹੇਠ ਲਿਖੇ ਵੱਖ - ਵੱਖ ਪਹਿਲੂਆਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਕਰਾਉਣੀ ।

1. ਪੁਆਧੀ ਭਾਸ਼ਾ , ਸਾਹਿਤ ਅਤੇ ਇਤਿਹਾਸ
2. ਪੁਆਧੀ ਵਿਰਸੇ - ਵਿਰਾਸਤ ਅਤੇ ਸਭਿਆਚਾਰ
3. ਵੱਖ - ਵੱਖ ਕੀਤਿਆਂ ਦੀ ਸ਼ਬਦਾਵਲੀ ਦੀ ਸੰਭਾਲ ਕਰਨਾ
4. ਲੋਕ ਸਾਹਿਤ ਅਤੇ ਲੋਕ ਸੰਗੀਤ ਨਾਲ਼ ਜਾਣ -ਪਛਾਣ ਕਰਵਾਉਣਾ
5. ਮੇਲੇ , ਤਿੱਥ - ਤਿਉਹਾਰ , ਰਸਮ - ਰਿਵਾਜ ਬਾਰੇ ਜਾਣਕਾਰੀ ਦੇਣਾ
6. ਪੁਆਧ ਦੇ ਪ੍ਰਮੁੱਖ ਅਤੇ ਵੇਖਣ ਯੋਗ ਅਸਥਾਨਾਂ ਬਾਰੇ ਜਾਣਕਾਰੀ ਦੇਣਾ
7. ਉਪਰੋਕਤ ਸਾਰੇ ਕਾਰਜ ਨੂੰ ਪੁਸਤਕਾਂ ਦੇ ਰੂਪ ਵਿੱਚ ਸਾਂਭਣਾ

(ਅ) ਪੁਆਧੀ ਸ਼ਖ਼ਸੀਅਤਾਂ ਦਾ ਸਨਮਾਨ ਅਤੇ ਪੁਆਧੀ ਵਿਰਸੇ ਦੀ ਸੰਭਾਲ ;

1. ਪੁਆਧ ਖੇਤਰ ਦੀਆਂ ਉਹਨਾਂ ਸ਼ਖ਼ਸੀਅਤਾਂ ਦਾ ਸਨਮਾਨ ਕਰਨਾ ਜਿਨ੍ਹਾਂ ਨੇ ਵੱਖ - ਵੱਖ ਖੇਤਰਾਂ ਵਿੱਚ ਨਾਮਣਾ ਖੱਟਿਆ ਹੋਵੇ ਜਾਂ ਅਣਗੌਲੀਆਂ ਸ਼ਖ਼ਸੀਅਤਾਂ ਜਿਨ੍ਹਾਂ ਨੇ ਆਪਣੇ - ਆਪਣੇ ਹੁਨਰ ਵਿੱਚ ਨਿਸ਼ਕਾਮ ਸਾਧਨਾ ਕੀਤੀ ਹੋਵੇ ।
2. ਪੁਆਧ ਬਾਰੇ ਲਿਖੀਆਂ ਮਿਆਰੀ ਪੁਸਤਕਾਂ ਲੋਕ ਅਰਪਣ ਕਰਨਾ ।
3. ਮਾਣ - ਮੱਤੇ ਪੁਆਧੀ ਸੱਭਿਆਚਾਰਕ ਵਿਰਸੇ ਨੂੰ ਕਾਇਮ ਰੱਖਣ ਦੇ ਉਪਰਾਲੇ ਕਰਨਾ ।

(ੲ) ਨੌਜਵਾਨ ਪੀੜ੍ਹੀ ਨੂੰ ਪੁਆਧ ਦੇ ਇਤਿਹਾਸ ਨਾਲ਼ ਜੋੜਨ ਦੇ ਵਿਸ਼ੇਸ਼ ਉਪਰਾਲੇ ਕਰਨੇ ;

1. ਸਕੂਲੀ ਪੱਧਰ 'ਤੇ ਬੱਚਿਆਂ ਦੇ ਮੁਕਾਬਲੇ ਕਰਵਾਉਣੇ ।
2. ਗੋਸਟੀਆਂ ਅਤੇ ਸੰਵਾਦ ਕਰਾਉਣੇ ।
3. ਪੰਜਾਬ ਦਾ ਗੌਰਵ 'ਪੁਆਧ' ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ।

4. ਆਪਣੇ ਪੁਰਖਿਆਂ ਨੂੰ ਯਾਦ ਕਰਨ ਲਈ ਸਮਾਗਮ ਸਮਰਪਿਤ ਕਰਨੇ 'ਤੇ ਉਹਨਾਂ ਦੀ ਯਾਦ ਵਿੱਚ ਪੁਰਸਕਾਰ ਪ੍ਰਦਾਨ ਕਰਨੇ ।

5. ਪੁਆਧੀ ਪੰਜਾਬੀ ਵੈਬਸਾਈਟ (website) ਰਾਹੀਂ ਦੂਰ - ਦਰਾਜ ਬੈਠੇ ਪੰਜਾਬੀ ਸਾਹਿਤ ਪ੍ਰੇਮੀਆਂ ਨੂੰ ਪੁਆਧੀ ਵਿਰਾਸਤ ਨਾਲ ਜੋੜਨਾ ।

puadhi-darpan